## ਇੰਡੀਆ ਫਾਊਂਡੇਸ਼ਨ ਫਾਰ ਦਿ ਆਰਟਸ (ਆਈ.ਐਫ.ਏ.)

## ਆਰਟਸ ਪ੍ਰੈਕਟਿਸ ਪ੍ਰੋਗਰਾਮ ਤਹਿਤ

## *ਪ੍ਰੋਡਕਸ਼ਨਜ*

## ਵਾਸਤੇ ਅਰਜ਼ੀਆਂ ਦਾ ਸੱਦਾ ਦਿੰਦਾ ਹੈ

**ਅਰਜ਼ੀਆਂ ਦੀ ਆਖਰੀ ਤਰੀਕ: Friday, June 09, 2023**

**ਆਰਟਸ ਪ੍ਰੈਕਟਿਸ** ਪ੍ਰੋਗਰਾਮ ਅਜਿਹੇ ਪ੍ਰੋਜੈਕਟ ਅਮਲ ਵਿਚ ਲਿਆਉਣਾ ਚਾਹੁੰਦਾ ਹੈ ਜਿਹੜੇ ਕਲਾਕਾਰਾਂ ਦੇ ਮੌਜੂਦਾ ਪ੍ਰੈਕਟਿਸਜ ਦੀ ਰੇਂਜ ਨੂੰ ਨਵੀਆਂ ਦਿਸ਼ਾਵਾਂ ਦੇਣ। ਇਹ ਕਲਾਕਿਰਤਾਂ ਬਣਾਉਣ ਦੀਆਂ ਪਿਰਤਾਂ ਨੂੰ ਸਵਾਲ ਕਰਨ ਵਾਲੇ ਹੋ ਸਕਦੇ ਹਨ; ਜਿਨਾਂ ਨਾ.ਲ ਕੌਂਟੈਂਟ(ਤੱਤ), ਫਾਰਮ(ਸ਼ਕਲ), ਅਤੇ ਮਾਧਿਅਮ ਦੀਆਂ ਹੱਦਾਂ ਵਧਾਈਆਂ ਜਾਣ; ਸਪੇਸ, ਦਰਸ਼ਕਾਂ ਅਤੇ ਕਲਾਕਾਰ ਬਿਰਾਦਰੀਆਂ ਵਿਚ ਸਾਂਝ ਬਣਾਉਣ ਦੇ ਨਵੇਂ ਤਰੀਕੇ ਖੋਜਦਿਆਂ ਤਜ਼ਰਬੇਕਾਰ ਸਪਿਰਿਟ ਨੂੰ ਅੱਗੇ ਲਿਆਂਦਾ ਜਾਵੇ।

**ਪ੍ਰੋਡਕਸ਼ਨਜ:**
ਕਲਾਕਾਰ ਆਪਣੇ ਕਲਾ ਦੇ ਸਫਰ ਵਿਚ ਅਜਿਹੇ ਮੁਕਾਮ ਤੇ ਆ ਸਕਦੇ ਹਨ ਜਿਸ ਵਿਚ ਉਹ ਬਣੇ ਬਣਾਏ ਤੌਰ ਤਰੀਕਿਆਂ ਨੂੰ ਚੁਣੌਤੀ ਦਿੰਦਿਆਂ ਅਤੇ/ਜਾਂ ਕਲਾ ਕਿਰਤ ਬਨਾਉਣ ਅਤੇ ਪੇਸ਼ ਕਰਨ ਦੇ ਨਵੇਂ ਤਰੀਕਿਆਂ ਨੂੰ ਫਰੋਲਦਿਆਂ ਆਪਣੀ ਪ੍ਰੈਕਟਿਸ ਨੂੰ ਮੁੜਵਿਚਾਰਨ/ਮੁੜਉਸਾਰਨ ਦੇ ਅਮਲ ਵਿਚ ਪੈਣਾ ਚਾਹੁਣ। ਅਜਿਹਾ ਹੰਭਲਾ ਜੋ ਖੋਜ ਅਤੇ ਤਜ਼ਰਬੇਕਾਰੀ ਭਰਪੂਰ ਹੋਵੇ, ਕਿਸੇ ਪ੍ਰੋਡਕਸ਼ਨ ਦੀ ਸ਼ਕਲ ਲੈ ਸਕਦਾ ਹੈ।

ਆਰਟਸ ਪ੍ਰੈਕਟਿਸ ਪ੍ਰੋਗਰਾਮ ਤਹਿਤ, ਅਸੀਂ ਅਜਿਹੇ ਹੰਭਲਿਆਂ ਵਿਚੋਂ ਉਪਜਣ ਵਾਲੇ ***ਪ੍ਰੋਡਕਸ਼ਨਜ*** ਦੇ ਪ੍ਰਸਤਾਵ ਮੰਗਦੇ ਹਾਂ। ਇਹ ਪ੍ਰੋਜੈਕਟ ਪ੍ਰਫੌਰਮੈਟਿਵ, ਔਰਲ(ਸੁਣਨ ਵਾਲੇ), ਵਿਜੂਅਲ(ਦਿਸਣ ਵਾਲੇ), ਡਿਜੀਟਲ, ਸਾਹਿਤਿਕ ਜਾਂ ਵੱਖ-ਵੱਖ ਵਿਧਾਵਾਂ ਵਾਲੇ ਕੰਮ ਹੋ ਸਕਦੇ। ਰੰਗ-ਮੰਚ, ਨਾਚ, ਗੀਤ ਸੰਗੀਤ, ਇੰਸਟਾਲੇਸ਼ਨ, ਨੁਮਾਇਸ਼, ਕਿਤਾਬਾਂ, ਰਸਾਲੇ ਜਾਂ ਹੋਰ ਪ੍ਰਕਾਸ਼ਨਾਵਾਂ, ਫ਼ਿਲਮ ਅਤੇ ਚਲਦੀਆਂ ਤਸਵੀਰਾਂ ਦੀ ਪਰਦਾਪੇਸ਼ੀ, ਗੇਮਜ(ਖੇਡਾਂ), ਇੰਟਰਫੇਸ ਅਤੇ ਹੋਰ ਡਿਜੀਟਲ ਕੰਮ, ਅਤੇ ਹੋਰ ਕਿਸੇ ਵੀ ਅਣਕਿਆਸੀ ਸ਼ਕਲ ਦੀ ਬਣਤਰ ਵਾਲੇ ਕੰਮਾਂ ਦੇ ਪ੍ਰਸਤਾਵਾਂ ਦਾ ਵੀ ਸਵਾਗਤ ਹੈ।

**ਪ੍ਰੋਜੈਕਟ ਦੀ ਮਿਆਦ:** 18 ਮਹੀਨੇ ਤੱਕ

**ਬਜਟ:** 5, 00, 000 ਰੁਪਏ ਤੱਕ

**ਆਖਰੀ ਤਰੀਕ:** Friday, June 09, 2023

**ਪ੍ਰਸਤਾਵ ਕੌਣ ਭੇਜ ਸਕਦੇ ਹਨ?**

ਪ੍ਰੋਗਰਾਮ ਕਿਸੇ ਵੀ ਵਿਧਾ ਦੇ ਵਿਚ ਜਾਂ ਵੱਖ-ਵੱਖ ਵਿਧਾਵਾਂ ਵਿਚ ਕੰਮ ਕਰਨ ਵਾਲਿਆਂ ਤੋਂ ਪ੍ਰਸਤਾਵਾਂ ਦੀ ਮੰਗ ਕਰਦਾ ਹੈ। ਇਹਨਾਂ ਵਿਚ

- ਪ੍ਰਫੌਰਮਿੰਗ ਕਲਾਕਾਰ ਜੋ ਸੰਗੀਤ, ਧ੍ਵਨੀ, ਲਿਖਤ, ਨਾਚ, ਮੂਵਮੈਂਟ, ਰੰਗਮੰਚ, ਪੁਤਲੀਤਮਾਸ਼ਾ, ਕਥਾਕਾਰੀ, ਜਾਦੂ, ਸਰਕਸ ਜਾਂ ਹੋਰਨਾਂ ਪ੍ਰਫੌਰਮੈਂਸ ਦੀਆਂ ਕਲਾਵਾਂ ਵਿਚ ਕੰਮ ਕਰਨ ਵਾਲੇ
- ਵਿਜੁਅਲ(ਦ੍ਰਿਸ਼) ਕਲਾਕਾਰ ਜੋ ਫ਼ਿਲਮ(ਦਸਤਾਵੇਜ਼ੀ ਜਾਂ ਕਾਲਪਨਿਕ), ਐਨੀਮੇਸ਼ਨ, ਫ਼ੋਟੋਗਰਾਫੀ, ਇੰਸਟਾਲੇਸ਼ਨ, ਨਵਾਂ ਮੀਡੀਆ, ਆਰਟੀਫੀਸ਼ੀਅਲ ਇੰਟੈਲੀਜੈਂਸ, ਰੋਬੋਟਿਕਸ, ਇੰਟਰਐਕਟਿਵ ਆਰਟਸ, ਗੇਮਿੰਗ, ਚਿੱਤਰਕਲਾ, ਬੁੱਤਤਰਾਸ਼ੀ, ਪਰਿੰਟਮੇਕਿੰਗ, ਕੌਮਿਕ ਕਿਤਾਬਾਂ, ਗਰਾਫ਼ਿਕ ਬਿਰਤਾਂਤਾਂ, ਕਲਾ ਕਿਤਾਬਾਂ ਜਾਂ ਹੋਰ ਦ੍ਰਿਸ਼ ਕਲਾਵਾਂ ਵਿਚ ਕੰਮ ਕਰਨ ਵਾਲੇ
- ਕਿਊਰੇਟਰ, ਖਾਸ ਤੌਰ ‘ਤੇ ਉਹ ਜੋ ਗੈਲਰੀ ਦੇ ਬਾਹਰ ਕੰਮ ਕਰਦੇ ਹਨ
- ਕਵੀ, ਨਾਵਲਕਾਰ, ਨਾਟਕਕਾਰ ਜੋ ਸਾਹਿਤਕਲਾ ਵਿਚ ਕੰਮ ਕਰਦੇ ਹਨ
- ਕਈ ਵਿਧਾਵਾਂ ਵਿਚ ਕੰਮ ਕਰਨ ਵਾਲੇ ਕਲਾਕਾਰ

**ਸਾਨੂੰ ਪ੍ਰਸਤਾਵ ਇਸ ਜਾਣਕਾਰੀ ਸਮੇਤ ਭੇਜੇ ਜਾਣ:**

- ਬਤੌਰ ਕਲਾਕਾਰ ਤੁਹਾਡੀ ਹੁਣ ਤੱਕ ਦੇ ਕਲਾ ਅਭਿਆਸ ਦੀ ਦਿਲਚਸਪੀ ਅਤੇ ਵਿਸ਼ੇ
- ਜੋ ਪ੍ਰੋਡਕਸ਼ਨ (ਕਲਾਕਿਰਤ) ਤੁਸੀਂ ਬਨਾਉਣਾ ਚਾਹੁੰਦੇ ਹੋ ਉਹ ਕਿਉਂ ਅਤੇ ਕਿਵੇਂ ਬਨਾਉਣਾ ਚਾਹੁੰਦੇ ਹੋ ਦਾ ਵੇਰਵਾ
- ਟਾਈਮਲਾਈਨ ਅਤੇ ਬਜਟ ਦਾ ਵੇਰਵਾ
- ਪਹਿਲਾਂ ਕੀਤੇ ਕੰਮਾਂ ਦੀਆਂ ਉਦਾਹਰਨਾਂ
- ਤੁਹਾਡੇ ਡਾਕ ਪਤੇ, ਫੋਨ ਨੰਬਰ ਅਤੇ ਈਮੇਲ ਪਤੇ ਸਮੇਤ ਤੁਹਾਡਾ ਬਾਇਓਡਾਟਾ

**ਚੋਣ ਦਾ ਤਰੀਕਾ:**

ਸ਼ੌਰਟਲਿਸਟ ਕੀਤੇ ਪ੍ਰਸਤਾਵ ਬਾਹਰੀ ਪੈਨਲ ਵੱਲੋਂ ਵਾਚੇ ਜਾਣਗੇ ਅਤੇ ਬਿਨੈਕਾਰਾਂ ਨੂੰ ਪੈਨਲ ਸਾਹਮਣੇ ਆਪਣੇ ਵਿਚਾਰ ਪੇਸ਼ ਕਰਨ ਦੀ ਜ਼ਰੂਰਤ ਪਵੇਗੀ। ਅਮਲ ਵਿਚ ਲਿਆਂਦੇ ਜਾਣ ਲਈ ਚੁਣੇ ਗਏ ਪ੍ਰਜੈਕਟਾਂ ਦਾ ਐਲਾਨ September 2023 ਵਿਚ ਕੀਤਾ ਜਾਵੇਗਾ। ਚਾਰ ਪ੍ਰੌਜੈਕਟ ਚੁਣੇ ਜਾਣਗੇ ਅਤੇ ਆਈ.ਐਫ.ਏ. ਦਾ ਫ਼ੈਸਲਾ ਆਖਰੀ ਹੋਵੇਗਾ।

**ਪ੍ਰਸਤਾਵ ਸਬਮਿਸ਼ਨ:**

ਤੁਹਾਡੇ ਮੁਕੰਮਲ ਪ੍ਰਸਤਾਵ ਇਵੇਂ ਭੇਜੇ ਜਾ ਸਕਦੇ ਹਨ:

- ਪ੍ਰਸਤਾਵ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਭਾਰਤੀ ਬੋਲੀ ਵਿਚ ਲਿਖਿਆ ਜਾ ਸਕਦਾ ਹੈ। ਆਈ.ਐਫ.ਏ. ਅੰਗਰੇਜ਼ੀ ਤੋਂ ਇਲਾਵਾ ਬਾਕੀ ਭਾਰਤੀ ਬੋਲੀਆਂ ਵਿਚਲੇ ਪ੍ਰਜੈਕਟਾਂ ਦੀ ਹੌਸਲਾ ਅਫ਼ਜ਼ਾਈ ਕਰਦਾ ਹੈ।
- ਜੇ ਤੁਸੀਂ ਆਪਣੇ ਪ੍ਰਸਤਾਵ ਬਾਰੇ ਕੋਈ ਵੀ ਸਵਾਲ ਪੁੱਛਣਾ ਹੈ ਜਾਂ ਪੁੱਛਗਿਛ ਕਰਨੀ ਹੈ ਤਾਂ May 19, 2023 ਤੋਂ ਪਹਿਲਾਂ sumana@indiaifa.org ਤੇ ਲਿਖੋ।
- ਸਹਾਇਕ ਮਟੀਰੀਅਲ ਸਮੇਤ ਤੁਹਾਡਾ ਮੁਕੰਮਲ ਪ੍ਰਸਤਾਵ, ਔਨਲਾਈਨ ਇੱਕ ਈਮੇਲ ਰਾਹੀਂ, ਈਮੇਲ 25 MB ਤੋਂ ਵੱਧ ਨਾ ਹੋਵੇ, Friday, June 09, 2023 ਤੱਕ, sumana@indiaifa.org ਤੇ ਭੇਜਿਆ ਜਾ ਸਕਦਾ ਹੈ।

  ***ਧਿਆਨ ਰਹੇ ਕਿ ਨਾਮੁਕੰਮਲ ਪ੍ਰਸਤਾਵ ਅਤੇ ਜਿਨ੍ਹਾਂ ਦੇ ਬਿਨੈਕਾਰ ਯੋਗਤਾ ਮਾਪਦੰਡਾਂ ਉੱਤੇ ਖਰੇ ਨਹੀਂ ਉੱਤਰਦੇ, ਪਰਵਾਨ ਨਹੀਂ ਕੀਤੇ ਜਾਣਗੇ।***

ਸਾਰੇ ਚੁਣੇ ਗਏ ਪ੍ਰੌਜੈਕਟ ਆਈ ਐੱਫ ਏ ਵੱਲੋਂ ਮੁਕੰਮਲ ਕਰਵਾਏ ਜਾਣਗੇ।

***ਆਰਟਸ ਪ੍ਰੈਕਟਿਸ ਪ੍ਰੋਗਰਾਮ, ਸੋਨੀ ਪਿਕਚਰਜ ਏਂਟਰਟੇਨਮੈਂਟ ਫੰਡ ਦੀ ਸਹਾਇਤਾ ਨਾਲ਼ ਚਲਾਇਆ ਜਾ ਰਿਹਾ ਹੈ।***

## ਯੋਗਤਾ ਮਾਪਦੰਡ

ਭਾਰਤੀ ਕਲਾ ਫਾਊਂਡੇਸ਼ਨ (ਆਈ.ਐਫ.ਏ.) ਆਪਣੇ ਵੱਖੋ-ਵੱਖ ਪ੍ਰੋਗਰਾਮਾਂ ਦੇ ਅਧੀਨ ਪ੍ਰੋਜੈਕਟਾਂ ਨੂੰ ਲਾਗੂ ਕਰਦੀ ਹੈ। ਇਨ੍ਹਾਂ ਪ੍ਰੋਗਰਾਮਾਂ ਦੇ ਅਧੀਨ ਅਰਜ਼ੀ ਦੇਣ ਦੀ ਯੋਗਤਾ ਦੇ ਮਾਪਦੰਡ ਹੇਠਾਂ ਦਿੱਤੇ ਗਏ ਹਨ:

- ਸਿਰਫ਼ ਭਾਰਤੀ ਹੀ ਇਸ ਲਈ ਅਰਜ਼ੀ ਦੇ ਸਕਦੇ ਹਨ। ਇਸ ਵਿੱਚ ਪੀ.ਆਈ.ਓ. (ਭਾਰਤੀ ਮੂਲ ਦੇ ਵਿਅਕਤੀ) ਅਤੇ ਓ.ਸੀ.ਆਈ. (ਵਿਦੇਸ਼ੀ ਭਾਰਤੀ ਨਿਵਾਸੀ) ਕਾਰਡ ਧਾਰਕ ਸ਼ਾਮਲ ਨਹੀਂ ਹਨ।
- ਬਿਨੈਕਾਰਾਂ ਕੋਲ ਆਪਣੀ ਪਛਾਣ ਅਤੇ ਨਾਗਰਿਕਤਾ ਨੂੰ ਸਾਬਿਤ ਕਰਨ ਲਈ ਪੈਨ ਕਾਰਡ ਅਤੇ ਹੇਠਾਂ ਦਿੱਤੇ ਦਸਤਾਵੇਜ਼ਾਂ ਵਿੱਚੋਂ ਕੋਈ ਇੱਕ ਦਸਤਾਵੇਜ਼ ਹੋਣਾ ਚਾਹੀਦਾ ਹੈ - ਭਾਰਤੀ ਪਾਸਪੋਰਟ ਜਾਂ ਆਧਾਰ ਕਾਰਡ ਜਾਂ ਭਾਰਤ ਦੀ ਵੋਟਰ ਆਈ.ਡੀ.
- ਸਿਰਫ਼ ਵਿਅਕਤੀ ਹੀ ਅਰਜ਼ੀ ਦੇ ਸਕਦੇ ਹਨ। ਕਿਸੇ ਵੀ ਤਰ੍ਹਾਂ ਦੀ ਸੰਸਥਾ ਅਰਜ਼ੀ ਨਹੀਂ ਦੇ ਸਕਦੀ
- ਜੇ ਪ੍ਰੋਜੈਕਟ ਵਿੱਚ ਕੋਈ ਸਹਿਯੋਗੀ ਹਨ, ਤਾਂ ਉਹ ਵੀ ਭਾਰਤੀ ਹੀ ਹੋਣੇ ਚਾਹੀਦੇ ਹਨ
- ਅਜਿਹੇ ਵਿਅਕਤੀ ਯੋਗ ਨਹੀਂ ਹਨ ਜਿਨ੍ਹਾਂ ਦਾ ਆਈ.ਐਫ.ਏ. ਨਾਲ ਕੋਈ ਪੁਰਾਣਾ ਵਿੱਤੀ ਵਿਵਾਦ ਹੈ
- ਕਿਸੇ ਪਹਿਲਾਂ ਦੀ ਆਈ.ਐਫ.ਏ. ਗਰਾਂਟ ਦੇ ਮਿੱਥੇ ਗਏ ਡਿਲੀਵਰੇਬਲ ਸਪੁਰਦ ਕਰਨ ਵਿੱਚ ਅਸਫਲ ਰਹਿਣ ਵਾਲੇ ਵਿਅਕਤੀ ਯੋਗ ਨਹੀਂ ਹਨ
- ਜੇਕਰ ਕਿਸੇ ਵਿਅਕਤੀ ਨੂੰ ਆਈ.ਐਫ.ਏ. ਤੋਂ ਕੋਈ ਅਜਿਹਾ ਪੱਤਰ ਪ੍ਰਾਪਤ ਹੋਇਆ ਜਿਸ ਦੇ ਵਿੱਚ ਉਸ ਨੂੰ ਭਵਿੱਖ ਵਿੱਚ ਅਰਜ਼ੀ ਦੇਣ ਲਈ ਮਨ੍ਹਾਂ ਕੀਤਾ ਗਿਆ ਹੈ, ਤਾਂ ਉਹ ਵਿਅਕਤੀ ਯੋਗ ਨਹੀਂ ਹਨ
- ਜੇਕਰ ਕਿਸੇ ਦਾ ਸੰਯੁਕਤ ਖਾਤਾ ਹੈ ਤਾਂ ਇੱਕ ਤੋਂ ਜ਼ਿਆਦਾ ਵਿਅਕਤੀ ਅਰਜ਼ੀ ਦੇ ਸਕਦੇ ਹਨ। ਜੇ ਉਨ੍ਹਾਂ ਦਾ ਸੰਯੁਕਤ ਖਾਤਾ ਨਹੀਂ ਹੈ, ਤਾਂ ਉਨ੍ਹਾਂ ਵਿੱਚੋਂ ਕਿਸੇ ਇੱਕ ਵਿਅਕਤੀ ਨੂੰ ਦੂਜਿਆਂ ਦੇ ਨਾਲ ਸਹਿਯੋਗੀ ਵਜੋਂ ਅਰਜ਼ੀ ਦੇਣੀ ਚਾਹੀਦੀ ਹੈ